ਗਏ, ਜਿਸ ...

**80. ਤ੍ਰਾਹ ਨਿਕਲਣਾ** (ਅਚਾਨਕ ਡਰ ਜਾਣਾ)–ਆਪਣੇ ਕਮਰੇ ਵਿਚ ਸੱਪ ਨੂੰ ਦੇਖ ਮੇਰਾ ਤ੍ਰਾਹ ਨਿਕਲ ਗਿਆ ।

**81. ਤਖ਼ਤਾ ਉਲਟਾਉਣਾ** (ਇਨਕਲਾਬ ਲਿਆਉਣਾ)–ਗ਼ਦਰ ਪਾਰਟੀ ਭਾਰਤ ਵਿਚੋਂ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣਾ ਚਾਹੁੰਦੀ ਸੀ ।

**82. ਦੰਦ ਕੱਢਣੇ** (ਅਜਿਹਾ ਹਾਸਾ, ਜੋ ਦੂਜੇ ਨੂੰ ਚੰਗਾ ਨਾ ਲੱਗੇ)–ਕਲਾਸ ਵਿਚ ਜਦੋਂ ਅਧਿਆਪਕ ਪੜ੍ਹਾ ਰਿਹਾ ਸੀ ਤੇ ਪਿੱਛੇ ਬੈਠਾ ਗਗਨ ਪਤਾ ਨਹੀਂ ਕਿਹੜੀ ਗੱਲੋਂ ਦੰਦ ਕੱਢ ਰਿਹਾ ਸੀ ।

**83. ਥੁੱਕ ਕੇ ਚੱਟਣਾ** (ਕੀਤੇ ਇਕਰਾਰ ਤੋਂ ਮੁੱਕਰ ਜਾਣਾ)–ਥੁੱਕ ਕੇ ਚੱਟਣਾ ਇੱਜ਼ਤ ਵਾਲੇ ਲੋਕਾਂ ਦ ਕੰਮ ਨਹੀਂ । ਇਸ ਤਰ੍ਹਾਂ ਦੇ ਬੰਦੇ ਦਾ ਇਤਬਾਰ ਜਾਂਦਾ ਰਹਿੰਦਾ ਹੈ ।

**84. ਥਰ-ਥਰ ਕੰਬਣਾ** (ਬਹੁਤ ਡਰ ਜਾਣਾ)–ਪੁਲਿਸ ਇਨਸਪੈਕਟਰ ਨੂੰ ਦੇਖ ਕੇ ਰਿਸ਼ਵਤ ਲੈ ਵਾਲਾ ਕਲਰਕ ਥਰ-ਥਰ ਕੰਬਣ ਲਗ ਪਿਆ ।

**85. ਦਿਨ ਫਿਰਨੇ** (ਭਾਗ ਜਾਗਣੇ)–ਉਸ ਦੇ ਘਰ ਵਿਚ ਬੜੀ ਗ਼ਰੀਬੀ ਸੀ, ਪਰ ਜਦੋਂ ਦਾ ਉਸ ਮੁੰਡਾ ਕੈਨੇਡਾ ਗਿਆ ਹੈ, ਉਦੋਂ ਤੋਂ ਹੀ ਉਸਦੇ ਦਿਨ ਫਿਰ ਗਏ ਹਨ ।

**86. ਦੰਦ ਪੀਹਣੇ** (ਗੁੱਸੇ ਵਿਚ ਆਉਣਾ)–ਜਦ ਉਸ ਨੇ ਸ਼ਾਮ ਨੂੰ ਗਾਲ੍ਹਾਂ ਕੱਢੀਆਂ, ਤਾਂ ਉਹ ਗੁੱਸੇ ਵਿਚ ਦੰਦ ਪੀਹਣ ਲੱਗ ਪਿਆ

**87. ਦੰਦ ਖੱਟੇ ਕਰਨੇ** (ਹਰਾ ਦੇਣਾ)–ਭਾਰਤੀ ਸੈਨਾ ਨੇ ਪਾਕਿਸਤਾਨੀ ਸੈਨਾ ਦੇ ਦੰਦ ਖੱਟੇ ਕਰ ਦਿੱਤੇ ।

**88. ਧੱਕਾ ਕਰਨਾ** (ਅਨਿਆਂ ਕਰਨਾ)–ਪੰਚਾਇਤ ਦਾ ਕੰਮ ਕਿਸੇ ਨਾਲ ਧੱਕਾ ਕਰਨਾ ਨਹੀਂ, ਸਗੋਂ ਸਭ ਨੂੰ ਨਿਆਂ ਦੇਣਾ ਹੈ ।

**89. ਧੌਲ਼ਿਆਂ ਦੀ ਲਾਜ ਰੱਖਣੀ** (ਬਿਰਧ ਜਾਣ ਕੇ ਲਿਹਾਜ਼ ਕਰਨਾ)–ਮਾਪਿਆਂ ਨੇ ਪੁੱਤਰ ਨੂੰ ਦੁਖੀ ਹੋ ਕੇ ਕਿਹਾ ਕਿ ਉਹ ਭੈੜੇ ਕੰਮ ਛੱਡ ਦੇਵੇ ਤੇ ਉਨ੍ਹਾਂ ਦੇ ਧੌਲ਼ਿਆਂ ਦੀ ਲਾਜ ਰੱਖੇ।

**90. ਨੱਕ ਚਾੜ੍ਹਨਾ** (ਕਿਸੇ ਚੀਜ਼ ਨੂੰ ਪਸੰਦ ਨਾ ਕਰਨਾ)–ਬਲਵਿੰਦਰ ਨੇ ਨੱਕ ਚੜ੍ਹਾਉਂਦਿਆਂ ਕਿਹਾ, "ਇਸ ਖ਼ੀਰ ਵਿਚ ਮਿੱਠਾ ਬਹੁਤ ਘੱਟ ਹੈ ।"